# Factsheet CAT04
# ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ
# 4: ਕੋਚਿੰਗ ਜਾਂ ਪ੍ਰਾਈਵੇਟ ਟਿਊਸ਼ਨ ਸੇਵਾ

Punjabi | ਪੰਜਾਬੀ

ਕਿਸੇ ਵੀ ਕਿਸਮ ਦੀ ਕੋਚਿੰਗ ਜਾਂ ਪ੍ਰਾਈਵੇਟ ਟਿਊਸ਼ਨ ਸੇਵਾ, ਪਰ ਨਿੱਜੀ ਜਾਂ ਘਰੇਲੂ ਉਦੇਸ਼ਾਂ ਲਈ ਕੀਤੇ ਗਏ **ਗ਼ੈਰ-ਰਸਮੀ ਪ੍ਰਬੰਧ (informal arrangement)** ਸ਼ਾਮਲ ਨਹੀਂ ਹਨ।

## ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਂਦੀਆਂ ਨੌਕਰੀ-ਭੂਮਿਕਾਵਾਂ

ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੀਆਂ ਜਾਣ ਵਾਲੀਆਂ ਨੌਕਰੀ-ਭੂਮਿਕਾਵਾਂ ਦੀਆਂ ਕੁੱਝ ਉਦਾਹਰਣਾਂ ਹੇਠਾਂ ਦਿੱਤੀਆਂ ਗਈਆਂ ਹਨ। ਕਿਰਪਾ ਕਰਕੇ ਧਿਆਨ ਦਿਓ ਕਿ ਸਾਰੇ ਮਾਮਲਿਆਂ ਵਿੱਚ, ਕਿਸੇ ਨੌਕਰੀ-ਭੂਮਿਕਾ ਨੂੰ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਮੰਨੇ ਜਾਣ ਲਈ ਉਸ ਭੂਮਿਕਾ ਦੀਆਂ **ਆਮ ਡਿਊਟੀਆਂ (usual duties)** ਵਿੱਚ **ਬੱਚੇ (child)** ਨਾਲ **ਸੰਪਰਕ (contact)** ਕਰਨਾ ਲਾਜ਼ਮੀ ਹੋਣਾ, ਜਾਂ ਸੰਪਰਕ ਹੋਣ ਦੀ ਸੰਭਾਵਨਾ ਸ਼ਾਮਲ ਹੋਣੀ ਚਾਹੀਦੀ ਹੈ। ਨੌਕਰੀ-ਭੂਮਿਕਾਵਾਂ ਵਿੱਚ ਸ਼ਾਮਲ ਹਨ:

- ਡਰਾਈਵਿੰਗ ਇੰਸਟ੍ਰਕਟਰ ਜੋ ਬੱਚਿਆਂ ਨੂੰ ਗੱਡੀ ਚਲਾਉਣਾ ਸਿਖਾਉਂਦੇ ਹਨ
- ਬੱਚਿਆਂ ਲਈ ਕਿਸੇ ਵੀ ਕਿਸਮ ਦੀ ਵਿਅਕਤੀਗਤ ਜਾਂ ਸਮੂਹਕ ਪ੍ਰਾਈਵੇਟ ਟਿਊਸ਼ਨ ਪ੍ਰਦਾਨ ਕਰਨ ਵਾਲੇ ਲੋਕ
- ਤੈਰਾਕੀ ਅਧਿਆਪਕ ਜੋ ਕਿਸੇ ਤੈਰਾਕੀ ਸਕੂਲ ਵਿੱਚ ਸਿਖਾਉਂਦੇ ਹਨ, ਜਾਂ ਸਕੂਲ ਦੀਆਂ ਛੁੱਟੀਆਂ ਦੌਰਾਨ VACSWIM ਤੈਰਾਕੀ ਦੀਆਂ ਕਲਾਸਾਂ ਲੈਂਦੇ ਹਨ
- ਬੱਚਿਆਂ ਲਈ ਖੇਡ ਕੋਚ (ਜੋ ਸ਼੍ਰੇਣੀ 12 ਨਾਲ ਸੰਬੰਧਿਤ ਨਹੀਂ ਹਨ)
- ਬੱਚਿਆਂ ਲਈ ਯੋਗਾ, ਡਾਂਸ, ਕਲਾ, ਭਾਸ਼ਾ, ਸੱਭਿਆਚਾਰ ਜਾਂ ਸੰਗੀਤ ਦੀਆਂ ਕਲਾਸਾਂ ਦੇ ਪ੍ਰਦਾਤਾ ਭਾਵੇਂ ਵਿਅਕਤੀਗਤ ਤੌਰ 'ਤੇ ਜਾਂ ਸਮੂਹਾਂ ਵਿੱਚ
- ਰਜਿਸਟਰਡ ਟ੍ਰੇਨਿੰਗ ਸੰਸਥਾ (RTO) ਦਾ ਸਟਾਫ਼ ਜੋ ਮੁੱਖ ਤੌਰ 'ਤੇ ਬੱਚਿਆਂ ਲਈ ਕਲਾਸਾਂ ਵਿੱਚ ਪੜ੍ਹਾਉਂਦੇ ਹਨ ਜਾਂ ਜੋ ਬੱਚਿਆਂ ਦੀ ਸਿਖਲਾਈ ਦੇ ਹਿੱਸੇ ਵਜੋਂ ਬੱਚਿਆਂ ਨੂੰ ਇਕੱਲੇ ਤੌਰ 'ਤੇ ਪੜ੍ਹਾਉਂਦੇ ਹਨ
- ਹਾਈ ਸਕੂਲ ਦੇ ਬਾਲਗ਼ ਵਿਦਿਆਰਥੀ ਜੋ ਬੱਚਿਆਂ ਦੇ ਸਮੂਹਾਂ ਜਾਂ ਟੀਮਾਂ ਨੂੰ ਕੋਚਿੰਗ ਦਿੰਦੇ ਹਨ ਅਤੇ ਖ਼ਾਸ ਤੌਰ 'ਤੇ ਬੱਚਿਆਂ ਲਈ ਸਕੂਲ ਦੇ ਸਮੇਂ ਤੋਂ ਬਾਹਰ ਪ੍ਰੋਗਰਾਮ ਜਾਂ ਸੇਵਾਵਾਂ ਪ੍ਰਦਾਨ ਕਰਦੇ ਹਨ

- ਕਿਸੇ ਸੰਸਥਾ ਰਾਹੀਂ **ਵਲੰਟੀਅਰ (volunteers)** ਕਰਨ ਵਾਲੇ, ਜਿਵੇਂ ਕਿ 'ਹੈਂਡਸ ਅੱਪ 4 ਕਿਡਜ਼' ਜੋ ਸਕੂਲਾਂ ਵਿੱਚ ਬੱਚਿਆਂ ਨਾਲ ਇਕੱਲੇ ਤੌਰ 'ਤੇ ਪੜ੍ਹਨ ਦੀਆਂ ਗਤੀਵਿਧੀਆਂ ਕਰਦੇ ਹਨ।

**ਛੋਟਾਂ**

ਇਸ ਸ਼੍ਰੇਣੀ 'ਤੇ ਹੇਠ ਲਿਖੀਆਂ ਛੋਟਾਂ ਲਾਗੂ ਹੁੰਦੀਆਂ ਹਨ:

- 18 ਸਾਲ ਤੋਂ ਘੱਟ ਉਮਰ ਦੇ ਬਾਲ ਵਲੰਟੀਅਰ
- 18 ਸਾਲ ਤੋਂ ਘੱਟ ਉਮਰ ਦੇ ਵੇਤਨ-ਰਹਿਤ ਪਲੇਸਮੈਂਟ ਕਰ ਰਹੇ **ਵਿਦਿਆਰਥੀ (students)**
- WA ਵਿੱਚ **ਥੋੜ੍ਹੇ ਸਮੇਂ ਲਈ ਆਏ ਸੈਲਾਨੀ (short-term visitors)**
- ਉਸੇ ਗਤੀਵਿਧੀ ਵਿੱਚ ਕਿਸੇ **ਮਾਤਾ ਜਾਂ ਪਿਤਾ (parent)** ਵੱਲੋਂ ਵਲੰਟੀਅਰ ਕਰਨਾ ਜਿਸ ਵਿੱਚ ਉਹਨਾਂ ਦਾ ਬੱਚਾ ਹਿੱਸਾ ਲੈ ਰਿਹਾ ਹੈ, ਜਾਂ ਆਮ ਤੌਰ 'ਤੇ ਹਿੱਸਾ ਲੈਂਦਾ ਹੈ, Factsheet CRW03 - ਛੋਟਾਂ, ਮਾਤਾ-ਪਿਤਾ ਵੱਲੋਂ ਵਲੰਟੀਅਰ ਕਰਨ ਦੀ ਛੋਟ ਵੇਖੋ
- ਸਮੂਹਕ ਕਲਾਸਾਂ (ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦੀਆਂ) ਜੋ ਮੁੱਖ ਤੌਰ 'ਤੇ ਬੱਚਿਆਂ ਨੂੰ ਪ੍ਰਦਾਨ ਨਹੀਂ ਕੀਤੀਆਂ ਜਾਂਦੀਆਂ ਜਾਂ ਬੱਚਿਆਂ ਲਈ ਪ੍ਰਚਾਰਿਤ ਨਹੀਂ ਕੀਤੀਆਂ ਜਾਂਦੀਆਂ ਹਨ
- ਪੁਲਿਸ ਅਧਿਕਾਰੀ ਜੋ WA ਪੁਲਿਸ ਮੈਂਬਰ ਵਜੋਂ ਕੰਮ ਕਰਦੇ ਹਨ
- ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਜਾਂ ਰਾਸ਼ਟਰੀ ਟੂਰ, Factsheet CRW02 - ਛੋਟਾਂ, ਇੱਕ ਵਾਰੀ ਦੇ ਰਾਸ਼ਟਰੀ ਸਮਾਗਮ ਅਤੇ ਰਾਸ਼ਟਰੀ ਟੂਰ ਵੇਖੋ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au ' ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।